National Research Journal of Social Sciences
Volume-11, Issue-1, January-June 2026
PP: 230-234 ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ: ਤਿਆਗ, ਵੀਰਤਾ ਅਤੇ ਅਡੋਲਤਾ

**ਅੰਮ੍ਰਿਤਪਾਲ ਕੌਰ**
ਸਹਾਇਕ ਪ੍ਰੋਫੈਸਰ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ

**ਸਾਰ ਤੱਤ:**

ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤਿਆਗ, ਵੀਰਤਾ ਅਤੇ ਅਡੋਲਤਾ ਦੀ ਅਦਭੁੱਤ ਮਿਸਾਲ ਹੈ। ਉਨ੍ਹਾਂ ਨੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸੱਚ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਗੁਰੂ ਜੀ ਦਾ ਤਿਆਗ ਕੇਵਲ ਵਿਅਕਤੀਗਤ ਤਪੱਸਿਆ ਨਹੀਂ, ਸਗੋਂ ਸਮਾਜਿਕ ਨਿਆਂ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਰੱਖਿਆ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦੀ ਵੀਰਤਾ ਹਥਿਆਰਾਂ ਦੀ ਤਾਕਤ ਵਿੱਚ ਨਹੀਂ, ਬਲਕਿ ਅਨਿਆਂ ਦੇ ਵਿਰੁੱਧ ਨਿਡਰ ਖੜ੍ਹੇ ਹੋਣ ਅਤੇ ਸੱਚ ਲਈ ਅਡੋਲ ਰਹਿਣ ਵਿੱਚ ਪ੍ਰਗਟ ਹੁੰਦੀ ਹੈ। ਹੱਥਲਾ ਪੇਪਰ 'ਗੁਰੂ ਤੇਗ ਬਹਾਦਰ ਜੀ: ਤਿਆਗ, ਵੀਰਤਾ ਅਤੇ ਅਡੋਲਤਾ' ਨਾਲ ਸੰਬੰਧਿਤ ਹੈ। ਜਬਰ ਅਤੇ ਜ਼ੁਲਮ ਦੇ ਸਮੇਂ ਗੁਰੂ ਤੇਗ ਬਹਾਦਰ ਜੀ ਨੇ ਕਿਸੇ ਵੀ ਤਰ੍ਹਾਂ ਦੇ ਡਰ ਜਾਂ ਸਮਝੌਤੇ ਨੂੰ ਸਵੀਕਾਰ ਨਾ ਕਰਦੇ ਹੋਏ ਆਪਣੇ ਸਿਧਾਂਤਾਂ ਦੀ ਰੱਖਿਆ ਕੀਤੀ। ਉਨ੍ਹਾਂ ਦੀ ਅਡੋਲਤਾ ਮਨੁੱਖ ਨੂੰ ਸਿਖਾਉਂਦੀ ਹੈ ਕਿ ਸੱਚ, ਧਰਮ ਅਤੇ ਮਨੁੱਖਤਾ ਲਈ ਕੁਰਬਾਨੀ ਦੇਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤਿਆਗ, ਵੀਰਤਾ ਅਤੇ ਅਡੋਲਤਾ ਦੇ ਆਦਰਸ਼ਾਂ ਰਾਹੀਂ ਸਮੂਹ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ, ਜੋ ਅੱਜ ਵੀ ਸਮਾਜਿਕ, ਨੈਤਿਕ ਅਤੇ ਅਧਿਆਤਮਿਕ ਜੀਵਨ ਨੂੰ ਸਹੀ ਦਿਸ਼ਾ ਦਿੰਦਾ ਹੈ।

**ਮੁੱਖ ਸ਼ਬਦ**: ਤਿਆਗ, ਵੀਰਤਾ, ਅਡੋਲਤਾ, ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰ, ਸ਼ਹਾਦਤ, ਸੱਚ ਅਤੇ ਧਰਮ, ਨਿਡਰਤਾ, ਮਨੁੱਖਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ 5 ਵੈਸਾਖ, ਸੰਮਤ 1678 (1 ਅਪ੍ਰੈਲ 1621) ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਸਿੱਖ ਕੌਮ ਦੇ ਪਹਿਲੇ ਅਤੇ ਮਹਾਨ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੋਤੇ ਸਨ। ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ, ਬਾਬਾ ਅਨੀ ਰਾਏ ਅਤੇ ਬਾਬਾ ਅਟੱਲ ਆਪ ਜੀ ਦੇ ਚਾਰ ਭਰਾ ਸਨ। ਆਪ ਜੀ ਦੀ ਭੈਣ ਦਾ ਨਾਂ ਬੀਬੀ ਵੀਰੋ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਹੀ ਗੁਰਗੱਦੀ ਆਪਣੇ ਪੋਤਰੇ ਸ੍ਰੀ ਗੁਰੂ ਹਰਿਰਾਏ ਜੀ ਨੂੰ ਬਖਸ਼ ਦਿੱਤੀ ਸੀ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਿਤਾ ਜੀ ਦੀ ਆਗਿਆ ਅਨੁਸਾਰ ਬਾਬੇ ਬਕਾਲੇ ਜਾ ਕੇ ਇੱਕੀ ਸਾਲ ਭਜਨ-ਬੰਦਗੀ ਕੀਤੀ। ਗੁਰੂ ਸਾਹਿਬ ਨੇ ਪ੍ਰਭ-ਸਿਮਰਨ ਨੂੰ ਹੀ ਸਥਿਰ ਰਹਿਣ ਵਾਲੀ ਵਸਤੂ ਦੱਸਿਆ ਹੈ। ਆਪ ਜੀ ਨੇ ਧਰਮ ਅਤੇ ਮਾਨਵਤਾ ਖਾਤਰ ਆਪਣੀ ਜ਼ਿੰਦਗੀ ਦੀ ਪਰਵਾਹ ਕੀਤੇ ਬਿਨਾਂ ਕਸ਼ਮੀਰੀ ਪੰਡਿਤਾਂ ਲਈ ਸ਼ਹਾਦਤ ਦਾ ਜਾਮ ਪੀਤਾ, ਇਸ ਕਰਕੇ ਆਪ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਅਦੁੱਤੀ ਕੁਰਬਾਨੀ ਦੇ ਕੇ ਧਰਮ ਦੀ ਰੱਖਿਆ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ 59 ਪਦੇ ਅਤੇ 57 ਸਲੋਕਾਂ ਦੀ ਰਚਨਾ ਕੀਤੀ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਨੂੰ ਅਟੱਲ ਸੱਚਾਈ ਦੇ ਤੌਰ 'ਤੇ ਦਰਸਾਇਆ ਹੈ।

ਗੁਰੂ ਤੇਗ ਬਹਾਦਰ ਜੀ ਦਾ ਨਾਮ ਸੁਣਦੇ ਹੀ ਤਿਆਗ ਦੀ ਮੂਰਤ ਦੇ ਪੂਰੇ ਪਰਿਵਾਰ ਦੀ ਕੁਰਬਾਨੀ ਯਾਦ ਆ ਜਾਂਦੀ ਹੈ। ਗੁਰੂ ਤੇਗ਼ ਬਹਾਦਰ ਜਪੀ-ਤਪੀ ਸਨ, ਉਹ ਬਚਪਨ ਤੋਂ ਹੀ ਬਾਕੀ ਸਭ ਬਾਲਕਾਂ ਨਾਲੋਂ ਵੱਖਰੇ ਸਨ। ਉਹ ਹਮੇਸ਼ਾ ਪ੍ਰਭੂ-ਬੰਦਗੀ ਵਿੱਚ ਲੀਨ ਰਹਿੰਦੇ ਸਨ। ਜਦ ਮਾਤਾ ਨਾਨਕੀ ਦੀ ਕੁੱਖੋਂ ਗੁਰੂ ਤੇਗ਼ ਬਹਾਦਰ ਦਾ ਜਨਮ ਹੋਇਆ ਤਾਂ ਉਸ ਸਮੇਂ ਅੰਮ੍ਰਿਤਸਰ ਦੀ ਧਰਤੀ ਤੇ ਰੂਹਾਨੀਅਤ ਦੀਆਂ ਤਰੰਗਾਂ ਪੈਦਾ ਹੋ ਗਈਆਂ। ਬਾਲਕ ਦੇ ਜਨਮ ਕਰਕੇ ਧਰਤੀ ਆਪਣੇ ਆਪ ਨੂੰ ਭਾਗਾਂ ਵਾਲੀ ਮੰਨਦੀ ਸੀ। ਬਾਬਾ ਬੁੱਢਾ ਜੀ ਦੀ ਆਯੂ ਉਸ ਸਮੇਂ 114, 115 ਸਾਲ ਦੇ ਕਰੀਬ ਸੀ। ਬਾਲਕ ਦਾ ਤੇਜ਼ ਪ੍ਰਤਾਪ ਦੇਖ ਕੇ ਬਾਬਾ ਬੁੱਢਾ ਜੀ ਨੇ ਕਿਹਾ ਕਿ ਮੈਨੂੰ ਪਰਮਾਤਮਾ ਨੇ ਇੰਨੀ ਦੀਰਘ ਆਯੂ ਤਾਂ ਹੀ ਬਖ਼ਸ਼ੀ ਹੈ ਕਿ ਮੈਂ ਇਸ ਮਹਾਨ ਸ਼ਖ਼ਸੀਅਤ ਦੇ ਦਰਸ਼ਨ ਕਰ ਸਕਾਂ। ਬਾਬਾ ਬੁੱਢਾ ਜੀ ਨੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਛੇ ਸਾਲ ਤੱਕ ਤਾਲੀਮ ਹਾਸਿਲ ਕਰਵਾਈ ਸੀ। ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਕੋਮਲ ਹਿਰਦੇ ਦੇ ਮਾਲਕ ਸਨ। ਬਚਪਨ ਵਿੱਚ ਉਹ ਆਪਣੇ ਵੱਡੇ ਭਰਾ ਦੇ ਵਿਆਹ ਤੇ ਜਾਣ ਸਮੇਂ ਰਸਤੇ ਵਿੱਚ ਇੱਕ ਗਰੀਬ ਬੱਚੇ ਨੂੰ ਆਪਣੇ ਕੀਮਤੀ ਬਸਤਰ ਉਤਾਰ ਕੇ ਦੇ ਦਿੰਦੇ ਹਨ ਅਤੇ ਉਸ ਦਾ ਨੰਗੇਜ਼ ਢੱਕਦੇ ਹਨ। ਇਹਨਾਂ ਦੀ ਇਹੀ ਬਿਰਤੀ ਹੀ

ਹਿੰਦੂਆਂ ਦੇ ਜੰਞੂ, ਬਹੂ-ਬੇਟੀਆਂ ਦੀ ਇੱਜ਼ਤ ਨੂੰ ਆਪਣੀ ਕੁਰਬਾਨੀ ਦੇ ਕੇ ਢੱਕਦੇ ਨਜ਼ਰੀਂ ਆਉਂਦੇ ਹਨ। ਗੁਰੂ ਤੇਗ਼ ਬਹਾਦਰ ਦਾ ਸਾਰਾ ਪਰਿਵਾਰ ਹੀ ਸ਼ਹੀਦਾਂ ਦਾ ਪਰਿਵਾਰ ਹੈ। ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ, ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ, ਮਾਤਾ ਗੁਜਰੀ ਜੀ ਨੇ ਮੁਗਲਾਂ ਦੀ ਕੈਦ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਕੌਮ, ਗ਼ਰੀਬ, ਮਜ਼ਬੂਰ, ਲਾਚਾਰ ਲੋਕਾਂ ਦੀ ਰੱਖਿਆ ਦੇ ਲਈ ਆਪਣਾ ਸਰਬੰਸ ਵਾਰ ਦਿੱਤਾ। ਸਿੱਖ ਇਤਿਹਾਸ ਤੋਂ ਇਲਾਵਾ ਕਿਸੇ ਵੀ ਇਤਿਹਾਸ ਵਿੱਚ ਅਜਿਹੀ ਸ਼ਹਾਦਤ ਦੀ ਮਿਸਾਲ ਦੇਖਣ ਨੂੰ ਨਹੀਂ ਮਿਲਦੀ ਜਿੱਥੇ ਪੂਰੇ ਦਾ ਪੂਰਾ ਪਰਿਵਾਰ ਹੀ ਕੁਰਬਾਨ ਕਰ ਦਿੱਤਾ ਜਾਵੇ। ਪਰ ਗੁਰੂ ਅਰਜਨ ਦੇਵ ਜੀ ਦੀ ਅੰਸ਼ ਨੇ ਆਪਣਾ ਸਾਰਾ ਪਰਿਵਾਰ ਕੁਰਬਾਨ ਕੀਤਾ। ਗੁਰੂ ਤੇਗ ਬਹਾਦਰ ਜੀ ਦੇ ਜਨਮ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਦਰਸ਼ਨ ਕਰਕੇ ਕਿਹਾ,"ਇਹ ਅਦੁੱਤੀ ਕੁਰਬਾਨੀ ਦੇ ਕੇ ਧਰਮ ਦੀ ਰੱਖਿਆ ਕਰੇਗਾ,ਇਸ ਲਈ ਮੈਂ ਇਸ ਨੂੰ ਨਮਸਕਾਰ ਕੀਤੀ ਹੈ।"[1] ਤੇਗ ਬਹਾਦਰ ਜੀ ਦੇ ਜਨਮ ਸਮੇਂ ਹੀ ਉਨਾਂ ਦੇ ਭਵਿੱਖ ਦੀ ਪਹਿਚਾਣ ਕਰਕੇ ਪਿਤਾ ਨੇ ਬਾਲਕ ਨੂੰ ਨਮਸਕਾਰ ਕੀਤੀ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਇਸ ਵਰ੍ਹੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਾਢੇ ਤਿੰਨ ਸੌ ਵਰ੍ਹੇ ਹੋ ਜਾਣਗੇ। 'ਸ਼ਹਾਦਤ' ਦੇ ਅੱਖਰੀ ਅਰਥ ਹਨ 'ਗਵਾਹੀ'। ਸ਼ਹੀਦ ਜਾਂ ਸ਼ਾਹਿਦ ਉਹ ਹੈ, ਜੋ ਰੱਬ ਦੀ ਘਟ-ਘਟ ਵਿਚ ਭਰਪੂਰਤਾ ਦੀ ਗਵਾਹੀ ਭਰੇ ਭਾਵ ਐਲਾਨ ਕਰੇ ਕਿ ਮੈਂ ਆਪਣੇ ਜੀਵਨ ਦੀ ਆਹੂਤੀ ਦੇ ਕੇ ਇਕ ਅਜੇਹੇ ਸੱਚ ਨੂੰ ਧੁਰ ਅੰਦਰੇ ਵਿਚ ਮਾਣਿਆ ਹੈ, ਜਿਸ ਨੂੰ ਨਾ ਹੀ ਸਾਧਾਰਨ ਅੱਖਾਂ ਨਾਲ ਤੇ ਨਾ ਹੀ ਕਿਸੇ ਹੋਰ ਦੁਨਿਆਵੀਂ ਮਾਪ-ਤੋਲ ਰਾਹੀਂ ਪਰਖਿਆ-ਨਿਰਖਿਆ ਜਾ ਸਕਦਾ ਹੈ। 'ਸੰਤ' ਵੀ ਓਹੀ ਹੈ, ਜੋ ਮਨ ਦੀਆਂ ਅੱਖਾਂ ਨਾਲ ਵੇਖੀ ਕਿਸੇ ਅਜੇਹੀ ਘਟਨਾਂ ਨੂੰ ਰੂਹ ਵਿਚ ਪਰਤਾਏ, ਕਿਸੇ ਅਜੇਹੇ ਅਨੁਭਵ ਨੂੰ ਬਿਆਨ ਕਰੇ, ਜੋ ਸਾਨੂੰ ਹਕੀਕਤ ਦਾ ਨੰਗਾ ਦੀਦਾਰ ਕਰਾ ਦੇਵੇ :--

ਸੰਤਨ ਕੀ ਸੁਣਿ ਸਾਚੀ ਸਾਖੀ।

ਜੋ ਬੋਲੈ ਸੋ ਪੇਖੈ ਆਈ।

ਏਹੀ ਬਿਆਨ ਕਿਸੇ ਹੋਰ ਤੋਂ ਸੁਣੀਏ, ਜਿਸ ਨੇ ਇਸ ਨੂੰ ਆਪ ਪਰਖਿਆ-ਅਜ਼ਮਾਇਆ ਨਹੀਂ, ਕੇਵਲ ਉਸ ਦਾ ਢੰਡੋਰਾ ਹੀ ਦਿੱਤਾ ਹੈ ਤਾਂ ਉਸ ਦਾ ਇਤਬਾਰ ਕਰਨਾ ਔਖਾ ਹੋ ਜਾਂਦਾ ਹੈ। ਇੱਕ ਫ਼ਰਕ ਹੋਰ ਵੀ ਹੈ,ਜੋ 'ਸ਼ਹੀਦ' ਨੂੰ ਬਾਕੀ 'ਗਵਾਹਾਂ' ਤੋਂ ਵਖਰਿਆਂਦਾ ਹੈ। ਸ਼ਹੀਦ ਕਿਸੇ ਅਜਿਹੇ ਸੱਚ ਦੀ ਸ਼ਹਾਦਤ ਭਰਦਾ ਹੈ, ਜੋ ਦੂਜਿਆਂ ਨੂੰ ਜਾਂ ਬਹੁਤ ਕੌੜਾ ਜਾਂ ਅਸੰਭਵ ਭਾਸਦਾ ਹੈ ਪਰ ਜਿਸ ਦੀ ਹਕੀਕਤ ਮਨੁੱਖ ਦੀ ਆਤਮਾ ਨੂੰ ਸਦੀਵ-ਕਾਲ ਲਈ ਝੰਜੋੜਦੀ, ਵੰਗਾਰਦੀ ਰਹਿੰਦੀ ਹੈ। ਯੂਨਾਨੀ ਤੇ ਲਾਤੀਨੀ ਦਾ ਸ਼ਬਦ , ਜਿਸ ਤੋਂ ਅੰਗਰੇਜ਼ੀ ਸ਼ਬਦ ਬਣਿਆ ਹੈ (ਤੇ ਜੋ ਅੰਗਰੇਜ਼ੀ ਵਿਚ ਸ਼ਹੀਦ ਲਈ ਵਰਤਿਆ ਜਾਂਦਾ ਹੈ), ਉਸ ਦੇ ਮੁੱਢਲੇ ਅਰਥ ਵੀ 'ਗਵਾਹ' ਦੇ ਹਨ । ਪੁਰਾਣੀ ਅੰਗਰੇਜ਼ੀ ਵਿਚ ਵੀ ਇਹ ਸ਼ਬਦ ਇਹਨਾਂ ਹੀ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ ।

ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਇਸੇ ਲਈ ਸ਼ਹੀਦ, ਬਲਕਿ ਸ਼ਹੀਦਾਂ ਦਾ ਸਿਰਤਾਜ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਬਲੀਦਾਨ ਰਾਹੀਂ ਇਕ ਅਜੇਹੇ ਸੱਚ ਦੀ ਗਵਾਹੀ ਭਰੀ, ਜੋ ਉਨ੍ਹਾਂ ਤੋਂ ਪਹਿਲਾਂ ਜਾਂ ਪਿੱਛੋਂ ਸੰਸਾਰ ਨੂੰ ਵੇਖਣਾ ਨਸੀਬ ਨਹੀਂ ਹੋਇਆ। ਉਹ ਸੱਚ ਇਹ ਸੀ: ਮਨੁੱਖ-ਜਾਤੀ ਇੱਕ ਹੈ, ਇਸ ਨੂੰ ਪਾੜਨ ਵਾਲਾ ਵਿਅਕਤੀ ਧਾਰਮਕ ਨਹੀਂ ਕਿਹਾ ਜਾ ਸਕਦਾ। ਕੇਵਲ ਇਸ ਨੂੰ ਜੋੜਨ ਵਾਲਾ ਹੀ ਧਾਰਮਕ ਕਿਹਾ ਜਾ ਸਕਦਾ ਹੈ।[2] ਬਚਪਨ ਤੋਂ ਹੀ ਉਹ ਆਧਿਆਤਮਿਕ ਚਿੰਤਨ, ਧੀਰਜ ਅਤੇ ਬੇਝਿਝਕ ਵੀਰਤਾ ਦੇ ਪ੍ਰਤੀਕ ਸਨ। ਉਹਨਾਂ ਦਾ ਨਾਮ ਹੀ 'ਤੇਗ ਬਹਾਦਰ' ਅਰਥਾਤ ਤਲਵਾਰ ਦਾ ਬਹਾਦਰ। ਉਨ੍ਹਾਂ ਦੀ ਨਿਰਭੈਤਾ ਦਾ ਪ੍ਰਤੀਕ ਹੈ। ਕਸ਼ਮੀਰੀ ਪੰਡਿਤਾਂ ਦਾ ਇੱਕ ਜਥਾ, ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ 26 ਮਈ 1675 ਈਸਵੀਂ ਨੂੰ ਆਨੰਦਪੁਰ ਸਾਹਿਬ ਵਿਖੇ ਪਹੁੰਚਿਆ ਅਤੇ ਉਹਨਾਂ ਉੱਪਰ ਹੋ ਰਹੇ ਅੱਤਿਆਚਾਰਾਂ ਬਾਰੇ ਗੁਰੂ ਸਾਹਿਬ ਨੂੰ ਦੱਸਿਆ ਅਤੇ ਇਹਨਾਂ ਜੁਲਮਾਂ ਤੋਂ ਉਨ੍ਹਾਂ ਦੀ ਰੱਖਿਆ ਕਰਨ ਦੀ ਪ੍ਰਾਰਥਨਾ ਕੀਤੀ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੀ ਗੱਲ ਸੁਣ ਕੇ ਸੋਚ ਵਿੱਚ ਪੈ ਗਏ ਕਹਿਣ ਲੱਗੇ, "ਕੋਈ ਅਜਿਹਾ ਬਹਾਦਰ ਤੇ ਸਾਹਸੀ ਮਹਾਂਪੁਰਸ਼ ਚਾਹੀਦਾ ਹੈ ਜੋ ਆਪਣੇ ਕੁਰਬਾਨੀ ਦੇ ਕੇ ਇਹਨਾਂ ਲੋਕਾਂ ਨੂੰ ਮੁਗਲਾਂ ਦੇ ਅੱਤਿਆਚਾਰਾਂ ਤੋਂ ਮੁਕਤੀ ਦਵਾ ਸਕੇ। ਬਾਲਕ ਗੋਬਿੰਦ ਰਾਇ ਉਸ ਸਮੇਂ ਸਿਰਫ਼ ਨੌਂ ਸਾਲ ਦੇ ਸਨ। ਉਹ ਵੀ ਗੁਰੂ ਤੇਗ ਬਹਾਦਰ ਜੀ ਪਾਸ ਬੈਠੇ ਸਨ । ਗੁਰੂ ਸਾਹਿਬ ਦੀ ਗੱਲ ਸੁਣ ਕੇ ਬੋਲੇ "ਪਿਤਾ ਜੀ, ਆਪ ਤੋਂ ਵੱਧ ਬਹਾਦਰ ਅਤੇ ਸਾਹਸੀ ਹੋਰ ਕੌਣ ਹੋ ਸਕਦਾ ਹੈ ?" ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਗੋਬਿੰਦ ਰਾਇ ਦੀ ਗੱਲ ਸੁਣ ਕੇ ਆਪਣੀ ਕੁਰਬਾਨੀ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਤੁਸੀਂ ਜਾਓ ਅਤੇ ਔਰੰਗਜ਼ੇਬ ਨੂੰ ਕਹਿ ਦਿਉ ਕਿ ਸਿੱਖਾਂ ਦੇ ਨੌਵੇਂ ਗੁਰੂ ਹਿੰਦੂ ਧਰਮ ਦੇ ਸਰਪ੍ਰਸਤ ਹਨ । ਪਹਿਲਾਂ ਉਹਨਾਂ ਨੂੰ ਮੁਸਲਮਾਨ ਬਣਾ ਲਉ ਫਿਰ ਅਸੀਂ ਸਾਰੇ ਆਪਣੇ ਆਪ ਤੁਹਾਡੇ ਧਰਮ ਨੂੰ ਅਪਣਾ ਲਵਾਂਗੇ।[3] ਉਨ੍ਹਾਂ ਨੇ ਸਮੇਂ ਦੇ ਜ਼ਾਲਿਮ ਸ਼ਾਸਕ ਔਰੰਗਜ਼ੇਬ ਦੀ ਧਾਰਮਿਕ ਜ਼ੁਲਮ ਦੀ ਨੀਤੀ ਦੇ ਵਿਰੋਧ ਵਿੱਚ ਖੜ੍ਹੇ ਹੋ ਕੇ ਸਿਰਫ਼ ਸਿੱਖ ਧਰਮ ਨਹੀਂ, ਸਗੋਂ ਸਾਰੇ ਭਾਰਤ ਦੇ ਨਿਰਬਲ ਧਰਮਾਂ ਦੀ ਰੱਖਿਆ ਕੀਤੀ। ਗੁਰੂ ਜੀ ਦੀ ਸ਼ਹੀਦੀ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਜ਼ਾਦੀ ਦੀ ਰੱਖਿਆ ਦਾ ਪ੍ਰਤੀਕ ਬਣ ਗਈ।

''ਨੌਂ ਵਰ੍ਹਿਆਂ ਦੇ ਨਾਨਕ ਨੇ

ਆਪ ਜੰਞੂ ਨਹੀਂ ਪਾਇਆ

ਨੌਂ ਵਰਿਆਂ ਦੇ ਗੋਬਿੰਦ ਨੇ

ਨੌਵੇਂ ਨਾਨਕ ਨੂੰ

ਜੰਞੂ ਦੀ ਰਖਿਆ ਲਈ

ਵਿਦਾ ਕੀਤਾ ਤੇ ਮੁਸਕਾਇਆ ।''

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਜੰਞੂ ਪਾਉਣ ਤੋਂ ਇਨਕਾਰ ਕਰ ਦਿੱਤਾ। ਸਿੱਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਜੰਞੂ ਨਹੀਂ ਪਾਉਂਦੇ। ਫੇਰ ਜੰਞੂ ਦੀ ਰੱਖਿਆ ਲਈ ਸੀਸ ਦੇ ਦੇਣਾ ਵਿਸ਼ੇਸ਼ ਅਰਥ ਰਖਦਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਵੀ ਲਿਖਿਆ ਹੈ :

''ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ।

ਕੀਨੋ ਬਡੋ ਕਲੂ ਮਹਿ ਸਾਕਾ ।

ਸਾਧਨ ਹੇਤਿ ਇਤੀ ਜਿਨਿ ਕਰੀ ।

ਸੀਸ ਦੀਯਾ ਪਰ ਸੀ ਨਾ ਉਚਰੀ ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਧਰਮ ਹੇਤ ਸਾਕਾ ਜਿਨਿ ਕੀਆ ।

ਸੀਸੁ ਦੀਆ ਪਰੁ ਸਿਰਰ ਨਾ ਦੀਆ ।"[4]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਿੱਖ ਦਰਸ਼ਨ ਦਾ ਅਟੁੱਟ ਹਿੱਸਾ ਹੈ, ਜੋ ਸਮੂਹ ਮਨੁੱਖਤਾ ਲਈ ਸ਼ਾਂਤੀ, ਸਮਾਨਤਾ ਅਤੇ ਪਿਆਰ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਦੀ ਬਾਣੀ ਵਿੱਚ ਮਨੁੱਖ ਦੇ ਅੰਦਰਲੇ ਆਤਮਿਕ ਜਾਗਰੂਕਤਾ ਨੂੰ ਜਗਾਉਣ ਅਤੇ ਹਰ ਧਰਮ, ਜਾਤ ਅਤੇ ਵਰਗ ਤੋਂ ਉੱਪਰ ਉਠ ਕੇ ਵਿਸ਼ਵ-ਭਾਈਚਾਰੇ ਦੀ ਭਾਵਨਾ ਪੈਦਾ ਕਰਨ ਦਾ ਜਜ਼ਬਾ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਸਮੁੱਚੀ ਮਾਨਵਤਾ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ 'ਕਥਨੀ ਅਤੇ ਕਰਨੀ' ਦੋਹਾਂ ਰਾਹੀਂ ਸੁਚੱਜੇ ਜੀਵਨ ਨੂੰ ਜਿਊਣ ਦੀ ਜਾਚ ਹੋਣੀ ਚਾਹੀਦੀ ਹੈ। ਗੁਰੂ ਤੇਗ਼ ਬਹਾਦਰ ਜੀ ਆਪਣੀ ਬਾਣੀ ਰਾਹੀਂ ਸਮੁੱਚੀ ਮਨੁੱਖ ਜਾਤੀ ਨੂੰ ਦੁੱਖ-ਸੁੱਖ, ਉਸਤਤ-ਨਿੰਦਿਆ, ਮਾਨ-ਅਪਮਾਨ ਅਤੇ ਗਰੀਬੀ-ਅਮੀਰੀ ਤੋਂ ਉਪਰਾਮ ਰਹਿ ਕੇ ਇੱਕ ਅਜਿਹੀ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੰਦੇ ਹਨ,ਜਿਸ ਵਿੱਚ ਮਨੁੱਖ ਹਰ ਸਥਿਤੀ ਵਿੱਚ ਪਰਮਾਤਮਾ ਦਾ 'ਭਾਣਾ' ਮਿੱਠਾ ਕਰਕੇ ਮੰਨੇ। ਮਨੁੱਖ ਨੂੰ ਹਰ ਹਾਲਤ ਵਿੱਚ ਇਕਸਾਰ ਰਹਿਣ ਦੀ ਬਹੁਤ ਜ਼ਰੂਰਤ ਹੈ। ਮਨੁੱਖੀ ਮਨ ਭਟਕਣਾਂ ਤੋਂ ਰਹਿਤ ਹੋਣਾ ਚਾਹੀਦਾ ਹੈ ਅਤੇ ਉਸਨੂੰ ਪ੍ਰਭੂ ਭਗਤੀ ਵਿਚ ਰਹਿ ਕੇ ਜੀਵਨ ਬਸਰ ਕਰਨਾ ਚਾਹੀਦਾ ਹੈ। ਗੁਰੂ ਜੀ ਦੇ ਉਪਦੇਸ਼ ਨੂੰ ਕਵੀ ਚਾਂਦ ਨੇ ਬਹੁਤ ਸੋਹਣੇ ਢੰਗ ਨਾਲ ਕਲਮਬੰਦ ਕੀਤਾ ਹੈ :

ਚਿਤ ਚਰਨ ਕਮਲ ਕਾ ਆਸਰਾ

ਚਿਤ ਚਰਨ ਕਮਲ ਸੰਗ ਜੋੜੀਐ।

ਮਨ ਲੋਚੈ ਬੁਰਿਆਈਆ,

ਗੁਰ ਸ਼ਬਦੀ ਇਹ ਮਨ ਹੋੜੀਐ।

ਬਾਹਿ ਜਿਨਾ ਦੀ ਪਕੜੀਐ

ਸਿਰ ਦੀਜੈ ਬਾਹਿ ਨ ਛੋੜੀਐ॥

ਤੇਗ਼ ਬਹਾਦਰ ਬੋਲਿਆ

ਧਰਿ ਪਈਏ ਧਰਮ ਨਾ ਛੋੜੀਐ।।

ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀਅਤ ਸਿੱਖ ਧਰਮ ਅਤੇ ਭਾਰਤੀ ਇਤਿਹਾਸ ਦੋਵਾਂ ਵਿੱਚ ਅਦੁੱਤੀ ਹੈ। ਉਨ੍ਹਾਂ ਨੇ ਆਪਣੇ ਜੀਵਨ ਦੁਆਰਾ ਤਿਆਗ, ਵੀਰਤਾ ਅਤੇ ਅਡੋਲਤਾ ਦੇ ਅਮਰ ਆਦਰਸ਼ ਸਥਾਪਿਤ ਕੀਤੇ। ਗੁਰੂ ਜੀ ਨੇ ਧਰਮ, ਸੱਚਾਈ ਅਤੇ ਮਨੁੱਖਤਾ ਦੀ ਰੱਖਿਆ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਸੰਸਾਰਕ ਮੋਹ-ਮਾਇਆ ਤੋਂ ਉਪਰ ਉੱਠ ਕੇ ਆਤਮਕ ਸ਼ਾਂਤੀ ਅਤੇ ਸਹਿਜਤਾ ਵਲ ਪ੍ਰੇਰਿਤ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖ ਨੂੰ ਸੰਸਾਰਿਕ ਪਦਾਰਥਾਂ ਦਾ ਤਿਆਗ ਕਰਕੇ ਨਾਮ-ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਅਕਾਲ ਪੁਰਖ ਦੇ ਨਾਮ ਦਾ ਸਹਾਰਾ ਲੈਣ ਵਾਲਾ ਜਗਿਆਸੂ ਸਹਿਜੇ ਹੀ ਮੁਕਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਇਸ ਨਾਸ਼ਵਾਨ ਦੁਨੀਆਂ ਦੇ ਸਭ ਪ੍ਰਕਾਰ ਦੇ ਰਸਾਂ ਦਾ ਤਿਆਗ ਕਰਕੇ ਜਗਿਆਸੂ ਮਨ ਪ੍ਰਭੂ ਵੈਰਾਗ ਦੇ ਮਾਰਗ ਤੇ ਆਪਣੇ ਆਪ ਨੂੰ ਲੈ ਜਾਂਦਾ ਹੈ। ਜਿਹੜਾ ਮਨੁੱਖ ਦਿਨ-ਰਾਤ ਇੱਕ ਕਰਕੇ ਪ੍ਰਭੂ ਦਾ ਸਿਮਰਨ ਕਰਦਾ ਹੈ, ਉਹ ਉਸ ਪ੍ਰਭੂ ਦਾ ਹੀ ਰੂਪ ਬਣ ਜਾਂਦਾ ਹੈ। ਪ੍ਰਭ ਸਿਮਰਨ ਕਰਦੇ ਮਨੁੱਖ ਦੇ ਮਨ ਵਿੱਚੋਂ ਵੈਰ-ਵਿਰੋਧ ਦੀ ਭਾਵਨਾ ਖਤਮ ਹੋ ਜਾਂਦੀ ਹੈ। ਉਸ ਨੂੰ ਸਭ ਪਾਸੇ ਪਰਮਾਤਮਾ ਦੀ ਜੋਤ ਹੀ ਨਜ਼ਰ ਆਉਂਦੀ ਹੈ। ਪ੍ਰਭੂ ਦਾ ਸਿਮਰਨ ਮਨੁੱਖੀ ਮਨ ਵਿੱਚ ਤਿਆਗ ਦੀ ਭਾਵਨਾ ਦਾ ਵਿਕਾਸ ਕਰਦਾ ਹੈ। ਮਨੁੱਖੀ ਮਨ ਅੰਦਰ ਤਿਆਗ ਦੀ ਪ੍ਰਵਿਰਤੀ ਦੁਨੀਆਂ ਪ੍ਰਤੀ ਸਾਰੀ ਮੋਹ ਮਾਇਆ ਨੂੰ ਖਤਮ ਕਰ ਦਿੰਦਾ ਹੈ। ਮਨੁੱਖੀ ਮਨ ਜਦੋਂ ਤਿਆਗ ਦੀ ਭਾਵਨਾ ਨੂੰ ਸਵੀਕਾਰ ਕਰ ਲੈਂਦਾ ਹੈ, ਤਾਂ ਉਸ ਦਾ ਮਨ ਦੁਨੀਆਂ ਪ੍ਰਤੀ ਕਿਸੇ ਵੀ ਲੋਭ ਲਾਲਚ ਵਿੱਚ ਨਹੀਂ ਆਉਂਦਾ ਅਤੇ ਉਸਨੂੰ ਸੰਤੋਖ ਦੀ ਪ੍ਰਾਪਤੀ ਹੋ ਜਾਂਦੀ ਹੈ। ਅਜਿਹਾ ਸੰਤੋਖੀ ਮਨੁੱਖ ਕਿਸੇ ਨੂੰ ਨਾ ਤਾਂ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਕਿਸਮ ਦਾ ਡਰ- ਭੈਅ ਉਹ ਆਪ ਮੰਨਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1427)

ਗੁਰੂ ਤੇਗ ਬਹਾਦਰ ਜੀ ਦਾ ਤਿਆਗ ਆਤਮਿਕ ਉੱਚਾਈ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸੰਸਾਰਕ ਸੁਖਾਂ ਤੋਂ ਹਮੇਸ਼ਾ ਦੂਰ ਰਹਿ ਕੇ ਸੱਚ ਦੇ ਰਾਹੀਂ ਜੀਵਨ ਬਤੀਤ ਕੀਤਾ। ਜਦੋਂ ਕਸ਼ਮੀਰੀ ਪੰਡਿਤਾਂ ਨੇ ਆਪਣੀ ਧਾਰਮਿਕ ਆਜ਼ਾਦੀ ਲਈ ਸਹਾਰਾ ਮੰਗਿਆ ਤਾਂ ਗੁਰੂ ਜੀ ਨੇ ਬਿਨਾਂ ਕਿਸੇ ਸਵਾਰਥ ਦੇ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ। ਇਹ ਤਿਆਗ ਸਿਰਫ਼ ਕਿਸੇ ਇਕ ਕੌਮ ਲਈ ਨਹੀਂ ਸੀ, ਸਗੋਂ ਪੂਰੀ ਮਨੁੱਖਤਾ ਲਈ ਸੀ। ਆਪ ਜੀ ਨੇ ਦੁਨਿਆਵੀ ਨਾਸ਼ਮਾਨਤਾ ਤੋਂ ਬੇਖ਼ਬਰ ਮਨੁੱਖ ਨੂੰ ਮੋਹ-ਮਾਇਆ ਤੋਂ ਜਗਾਉਣ ਲਈ ਬਹੁਤ ਥਾਈਂ ਸੰਬੋਧਨੀ ਸ਼ਬਦ 'ਸਾਧੋ' ਵਰਤਿਆ ਹੈ, ਜਿਵੇਂ 'ਸਾਧੋ ਮਨ ਕਾ ਮਾਨੁ ਤਿਆਗਉ' 'ਸਾਧੋ ਰਚਨਾ ਰਾਮ ਬਨਾਈ', 'ਸਾਧੋ ਇਹ ਤਨੁ ਮਿਥਿਆ ਜਾਨਉ' 'ਸਾਧੋ ਗੋਵਿੰਦ ਕੇ ਗੁਨ ਗਾਵਓ', 'ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ', ਆਦਿ। ਅਹੰਕਾਰ, ਮਨੁੱਖ ਦੇ ਪ੍ਰਭੂ-ਮਿਲਾਪ ਦੇ ਵਿਚਲੀ ਸਭ ਤੋਂ ਵੱਡੀ ਰੁਕਾਵਟ ਹੈ। ਗੁਰਬਾਣੀ ਵਿੱਚ ਇਸ ਔਕੜ ਨੂੰ 'ਜਬ ਹਮ ਹੋਤੇ ਤਬ ਤੂ ਮੈ ਨਾਹੀਂ' ਰਾਹੀਂ ਦਰਸਾਇਆ ਗਿਆ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਤਰਲੋਚਨ ਸਿੰਘ ਦੱਸਦੇ ਹਨ ਕਿ,"ਗੁਰੂ ਜੀ ਅਨੁਸਾਰ ਮਨੁੱਖਾ ਜਨਮ ਸਭ ਤੋਂ ਉੱਤਮ ਹੈ। ਇਸ ਦਾ ਮਨੋਰਥ ਪ੍ਰਭੂ ਦੀ ਪ੍ਰਾਪਤੀ ਹੈ, ਪਰ ਆਮ ਆਦਮੀ ਕੁਰਾਹੇ ਪੈ ਕੇ ਚੰਮ ਸੁਆਦਾਂ ਵਿਚ ਪੈ ਜਾਂਦਾ ਹੈ ਅਤੇ ਜ਼ਿੰਦਗੀ ਦਾ ਮਨੋਰਥ ਭੁੱਲ ਜਾਂਦਾ ਹੈ। ਉਨ੍ਹਾਂ ਨੇ ਚੰਮ ਸੁਆਦਾਂ ਨੂੰ ਤਿਆਗ ਕੇ ਹਰੀ ਸਿਮਰਨ ਦਾ ਰਸ ਅਪਨਾਉਣ ਲਈ ਮਨੁੱਖ ਨੂੰ ਵੰਗਾਰ ਪਾਈ ਹੈ। ਇਹ ਉਹ ਰਸ ਹੈ ਜੋ ਪ੍ਰਾਪਤ ਹੋ ਜਾਣ ਨਾਲ ਮਨੁੱਖ ਦੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨਾਂ ਦੇ ਪੰਜ ਚੋਰ ਨੱਸ ਜਾਂਦੇ ਹਨ।" ਗੁਰੂ ਜੀ ਨੇ ਆਪਣੀ ਬਾਣੀ ਵਿਚ ਇਸ ਸੰਸਾਰ ਦੀ ਨਾਸ਼ਵਾਨਤਾ ਦਾ ਜ਼ਿਕਰ ਕਰਦੇ ਹੋਏ ਮਨੁੱਖ ਨੂੰ ਸਿੱਖਿਆ ਦਿੰਦੇ ਹਨ ਕਿ ਇਹ ਸੰਸਾਰ ਸਦਾ ਰਹਿਣ ਵਾਲਾ ਨਹੀਂ, ਜਿਵੇਂ ਬੱਦਲਾਂ ਦੀ ਛਾਂ ਬਹੁਤਾ ਚਿਰ ਨਹੀਂ ਠਹਿਰਦੀ ਉਸ ਤਰ੍ਹਾਂ ਜਗਤ ਵਿਚ ਜੋ ਕੁਝ ਦਿਸ ਰਿਹਾ ਹੈ, ਇਸ ਸਭ ਕੁਝ ਨੇ ਆਪਣੇ ਆਪ ਨਾਸ਼ ਹੋ ਜਾਣਾ ਹੈ।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-219)

ਗੁਰੂ ਤੇਗ ਬਹਾਦਰ ਸਾਹਿਬ ਇਕ ਮਹਾਨ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਸਮਾਜ ਵਿੱਚ ਪ੍ਰਚਲਿਤ ਰੂੜ੍ਹੀਆਂ, ਕੁਰੀਤੀਆਂ, ਫੋਕੇ ਕਰਮ-ਕਾਂਡਾਂ ਅਤੇ ਭਰਮਾਂ ਖ਼ਿਲਾਫ਼ ਲੋਕ ਚੇਤਨਾ ਲਿਆਉਣ ਦਾ ਮਹਾਨ ਉਪਰਾਲਾ ਕੀਤਾ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਜਕੜਿਆ ਹੋਇਆ, ਇਸ ਨਾਸ਼ਵਾਨ ਸੰਸਾਰ ਦੇ ਪਿੱਛੇ ਲੱਗ ਕੇ ਆਪਣੇ ਆਪ ਨੂੰ ਬਰਬਾਦ ਕਰ ਲੈਂਦਾ ਹੈ। ਗੁਰੂ ਸਾਹਿਬ ਇਸ ਗੱਲ ਉੱਤੇ ਵੀ ਜ਼ੋਰ ਦਿੰਦੇ ਹਨ ਕਿ ਪਰਮੇਸ਼ਰ ਦੇ ਪਿਆਰਿਆਂ ਨੂੰ ਨਿਮਰਤਾ ਧਾਰਨ ਕਰ ਕੇ ਆਪਣੇ ਮਨ ਨੂੰ ਸਮਤਲ ਕਰਨਾ ਚਾਹੀਦਾ ਹੈ। ਜਦੋਂ ਮਨ ਨਿਮਰਤਾ ਦਾ ਧਾਰਨੀ ਹੋ ਜਾਵੇਗਾ ਤਾਂ ਫਿਰ ਕਾਮ, ਕ੍ਰੋਧ ਅਤੇ ਮਨਮੁੱਖਾਂ ਦੀ ਕੁਸੰਗਤ ਤੋਂ ਸਹਿਜੇ ਹੀ ਬਚਿਆ ਜਾ ਸਕੇਗਾ। ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਨੇ ਕਿ ਭੁੱਲ ਕੇ ਵੀ ਇਨ੍ਹਾਂ ਵਿਕਾਰਾਂ ਦੇ ਨੇੜੇ ਨਹੀਂ ਲੱਗਣਾ ਚਾਹੀਦਾ, ਕਿਉਂਕਿ 'ਜੈਸੀ ਸੰਗਤ ਵੈਸੀ ਰੰਗਤ' ਵਾਲੀ ਸਥਿਤੀ ਹੋ ਜਾਵੇਗੀ। ਮਨੁੱਖ ਆਪਣੇ ਜੀਵਨ ਮਨੋਰਥ ਤੋਂ ਕੋਰਾ ਹੋ ਚੁੱਕਾ ਹੈ, ਜਿਸ ਕਰਕੇ ਉਸਦੇ ਕਿਰਦਾਰ ਅੰਦਰ ਇਹੋ ਜਿਹੀਆਂ ਗਿਰਾਵਟਾਂ ਪ੍ਰਵੇਸ਼ ਕਰ ਜਾਂਦੀਆਂ ਹਨ। ਇਸ ਲਈ ਗੁਰੂ ਤੇਗ ਬਹਾਦਰ ਜੀ 'ਸਾਧੋ' ਦੇ ਸੰਬੋਧਨੀ ਸ਼ਬਦ ਰਾਹੀਂ ਸਾਰੇ ਪ੍ਰਾਣੀਆਂ ਨੂੰ ਚੰਗੇ ਲੋਕਾਂ ਦੀ ਸੰਗਤ ਕਰਨ ਅਤੇ ਨਿਰਮਾਣਤਾ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਸਾਹਿਬ ਉਚੇਰੀ ਆਤਮਿਕ ਅਵਸਥਾ ਦੀ ਸੋਝੀ ਕਰਵਾਉਂਦਿਆਂ ਫੁਰਮਾਨ ਕਰਦੇ ਹਨ :

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।।

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-219)

ਦੁੱਖ ਅਤੇ ਸੁੱਖ ਜੀਵਨ ਦੇ ਦੋ ਪਹਿਲੂ ਹਨ। ਮਨੁੱਖੀ ਜੀਵਨ ਵਿਚ ਵਿਚਰਦਿਆਂ ਦੁੱਖ ਵੀ ਮਿਲਣਗੇ ਅਤੇ ਸੁੱਖ ਦੀ ਬਖ਼ਸ਼ਿਸ਼ ਵੀ ਹੋਵੇਗੀ। ਅਸਲ ਮਨੁੱਖ ਉਹ ਹੈ, ਜਿਹੜਾ ਇਨ੍ਹਾਂ ਦੋਹਾਂ ਅਵਸਥਾਵਾਂ ਵਿਚ ਵਿਚਲਿਤ ਨਹੀਂ ਹੁੰਦਾ, ਉਸ ਦੇ ਕਦਮ ਲੜਖੜਾਂਦੇ ਨਹੀਂ, ਉਸ ਦਾ ਮਨ ਡੋਲਦਾ ਨਹੀਂ, ਸਗੋਂ ਉਹ ਦੋਹਾਂ ਅਵਸਥਾਵਾਂ ਨੂੰ ਪਰਮੇਸ਼ਰ ਦੀ ਰਜ਼ਾ ਸਮਝਦੇ ਹੋਏ ਖਿੜੇ-ਮੱਥੇ ਪ੍ਰਵਾਨ ਕਰਦਾ ਹੈ। ਇਸ ਸੰਸਾਰ ਵਿੱਚ ਸੁੱਖ ਦੀ ਪ੍ਰਾਪਤੀ ਲਈ ਲੋਭ, ਮੋਹ, ਅਹੰਕਾਰ ਤੋਂ ਬਿਨਾਂ ਮਨੁੱਖ ਨੂੰ ਆਪਣੇ ਅੰਦਰਲੇ ਬਾਕੀ ਵਿਕਾਰਾਂ ਜਿਵੇਂ ਉਸਤਤ, ਨਿੰਦਿਆ ਆਦਿ ਤੋਂ ਵੀ ਛੁਟਕਾਰਾ ਪਾਉਣਾ ਚਾਹੀਦਾ ਹੈ। ਗੁਰੂ ਜੀ ਦੀ ਬਾਣੀ ਇਹਨਾਂ ਸੰਸਾਰਿਕ ਭੁਲੇਖਿਆਂ ਦੇ ਭਰਮ ਜਾਲ 'ਚ ਮਨੁੱਖ ਨੂੰ ਮੁਕਤ ਕਰ ਕੇ ਆਪਣੇ ਅੰਦਰ ਪ੍ਰਭੂ-ਮਿਲਾਪ ਲਈ ਵੈਰਾਗ ਦੀ ਅਨੰਤ ਧਾਰਾ ਪ੍ਰਵਾਹਿਤ ਕਰਨ ਵਾਲੀ ਹੈ। ਇਸ ਲਈ ਆਪ ਜੀ ਨੂੰ 'ਵੈਰਾਗ ਦੀ ਮੂਰਤ' ਵੀ ਆਖਿਆ ਜਾਂਦਾ ਹੈ। ਨਾਮ-ਸਿਮਰਨ, ਭਜਨ-ਬੰਦਗੀ ਨੌਵੇਂ ਪਾਤਸ਼ਾਹ ਦੀ ਬਾਣੀ ਦੇ ਵਿਸ਼ੇਸ਼ ਸਰੋਕਾਰ ਹਨ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਰਾਹੀਂ ਸਮੁੱਚੀ ਲੋਕਾਈ ਨੂੰ ਹੋਰਨਾਂ ਮਨੁੱਖਾਂ, ਧਰਮਾਂ, ਜਾਤਾਂ ਦੇ ਲੋਕਾਂ ਨੂੰ ਸਮਾਜਿਕ ਬਰਾਬਰੀ ਅਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨਾ ਸਿਖਾਉਂਦੇ ਹਨ। ਸਮਾਜਿਕ ਬਰਾਬਰੀ ਲਈ ਜ਼ਰੂਰੀ ਹੈ ਕਿ ਸਾਰੀ ਮਨੁੱਖਤਾ ਹੰਕਾਰ, ਲੋਭ, ਮੋਹ, ਕ੍ਰੋਧ, ਈਰਖਾ ਵਰਗੇ ਔਗੁਣਾਂ ਦਾ ਤਿਆਗ ਕਰਕੇ ਸੱਚ, ਨਿਮਰਤਾ, ਸੇਵਾ, ਸਬਰ, ਦਾਨ, ਸੰਤੋਖ, ਨਿਰਭੈਤਾ, ਨਿਰਵੈਰਤਾ ਵਰਗੇ ਨੈਤਿਕ ਗੁਣਾਂ ਦੀ ਧਾਰਨੀ ਬਣ ਜਾਵੇ।

ਗੁਰੂ ਤੇਗ ਬਹਾਦਰ ਸਾਹਿਬ ਨੇ ਸਮੁੱਚੀ ਲੋਕਾਈ ਨੂੰ ਨੈਤਿਕ ਗੁਣਾਂ ਨੂੰ ਅਪਣਾਉਣ ਦੀ ਸਿੱਖਿਆ ਹੀ ਨਹੀਂ ਦਿੱਤੀ ਸਗੋਂ ਆਪ ਵੀ ਇਨ੍ਹਾਂ ਉੱਤੇ ਅਮਲ ਕਰ ਕੇ ਮਿਸਾਲ ਕਾਇਮ ਕੀਤੀ। ਗੁਰੂ ਸਾਹਿਬ ਦੀ ਜਿਹੜੀ ਆਤਮਿਕ ਅਵਸਥਾ ਗੁਰਗੱਦੀ ਉੱਤੇ ਸੁਭਾਇਮਾਨ ਹੋਣ ਸਮੇਂ, ਸੀਸ ਉਤੇ ਸੇਵਕਾਂ ਵੱਲੋਂ ਚੌਰ ਝੁਲਾਉਣ, ਸੰਗਤਾਂ ਵੱਲੋਂ ਨਤਮਸਤਕ ਹੋਣ ਸਮੇਂ ਸੀ, ਠੀਕ ਉਹੀ ਅਵਸਥਾ ਉਨ੍ਹਾਂ ਦੀ ਦਿੱਲੀ ਦੇ ਚਾਂਦਨੀ ਚੌਂਕ ਵਿਚ ਕੈਦਖ਼ਾਨੇ ਵਿਚ ਸੀ। ਉਨਾਂ ਨੇ ਆਪਣੇ ਨਾਲ ਨਜ਼ਰਬੰਦ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵਰਗੇ ਸੇਵਕਾਂ ਦੀਆਂ ਆਪਣੀਆਂ ਅੱਖਾਂ ਸਾਹਮਣੇ ਹੋਈਆਂ ਸ਼ਹਾਦਤਾਂ ਸਮੇਂ ਵੀ ਆਪਣੇ ਆਪ ਨੂੰ ਡੋਲਣ ਨਹੀਂ ਦਿੱਤਾ। ਉਹ ਆਪਣੇ ਉਸੇ ਸਿਦਕ ਅਤੇ ਆਤਮਿਕ ਸ਼ਾਂਤੀ ਦੀ ਅਵਸਥਾ ਤੇ ਕਾਇਮ ਰਹੇ, ਜੋ ਗੁਰਗੱਦੀ ਉੱਪਰ ਬੈਠਣ ਸਮੇਂ ਸੀ। ਸੰਸਾਰ ਵਿਚ ਅਜਿਹੀ ਆਤਮ ਬਲ ਦੀ ਮਿਸਾਲ ਲੱਭਣੀ ਮੁਸ਼ਕਲ ਹੈ। ਹਰੇਕ ਪ੍ਰਾਣੀ, ਜੇ ਇਨ੍ਹਾਂ ਗੁਰ ਬਚਨਾਂ ਉੱਤੇ ਅਮਲ ਕਰੇ ਤਾਂ ਜੀਵਨ ਵਿਚ ਉਸ ਦੀ ਸੁਰਤ ਟਿਕਾਓ ਦੀ ਅਵਸਥਾ ਵਿਚ ਰਹਿ ਸਕਦੀ ਹੈ। ਗੁਰੂ ਤੇਗ ਬਹਾਦਰ ਜੀ ਅਨੁਸਾਰ ਮਨੁੱਖੀ ਜੀਵਨ ਦੀ ਪ੍ਰਾਪਤੀ ਦੁਰਲੱਭ ਹੈ। ਮਨੁੱਖੀ ਜੀਵਨ ਅਮੁੱਲ ਹੈ, ਇਸ ਦੀ ਪ੍ਰਾਪਤੀ ਵਾਰ-ਵਾਰ ਨਹੀਂ ਹੁੰਦੀ। ਇਚਸ ਕਰਕੇ ਜੀਵਨ ਨੂੰ ਦੁਨਿਆਵੀਂ ਮਾਇਆ ਵਿੱਚ ਲੀਨ ਹੋ ਕੇ ਆਪਣੇ ਮੁਕਤੀ ਦੇ ਆਦਰਸ਼ ਨੂੰ ਭੁੱਲਣਾ ਨਹੀਂ ਚਾਹੀਦਾ। 'ਹਉਮੈ' ਅਨੇਕਾਂ ਰੋਗਾਂ ਨੂੰ ਪੈਦਾ ਕਰਦਾ ਹੈ, ਸੋ ਆਪਣੇ ਅੰਦਰਲੇ ਅਹੰਕਾਰ ਨੂੰ ਤਿਆਗਣਾ ਜ਼ਰੂਰੀ ਹੈ। ਮਾਇਆ ਦੇ ਲਾਲਚ ਵਿੱਚ ਫਸ ਕੇ ਜੀਵ ਅਨੇਕਾਂ ਜੂਨੀਆਂ ਵਿੱਚ ਚੱਕਰ ਲਗਾਉਂਦਾ ਰਹਿੰਦਾ ਹੈ। ਅਨੇਕਾਂ ਜਨਮਾਂ ਦੀ ਭਟਕਣਾ ਤੋਂ ਬਾਅਦ ਮਨੁੱਖੀ ਜੂਨੀ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਬਾਣੇ ਵਿੱਚ ਮਨੁੱਖੀ ਜੂਨ ਦੀ ਉੱਤਮਤਾ ਬਾਰੇ ਦੱਸਿਆ ਹੈ-


© Copyright @ Authors

ਫਿਰਤ ਫਿਰਤ ਬਹੁਤੇ ਜੁਗ ਹਾਰਿਉ ਮਾਨਸ ਦੇਹ ਲਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਸੋਰਠਿ ਮ: 9, ਅੰਗ 631)

ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਗਉੜੀ ਮ: 9, ਅੰਗ 219)

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮ ਸਿਰਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਗਉੜੀ ਮ: 9, ਅੰਗ 220)

ਮਾਨਸ ਦੇਹ ਬਹੁਰਿ ਨਹਿ ਪਾਵਹਿ ਕਛੂ ਉਪਾਉ

ਮੁਕਤਿ ਕਾ ਕਰੁ ਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਗਉੜੀ ਮ: 9, ਅੰਗ 220)

ਗੁਰੂ ਤੇਗ ਬਹਾਦੁਰ ਜੀ ਸਿੱਖ ਇਤਿਹਾਸ ਦੇ ਉਹ ਮਹਾਨ ਯੋਗੀ ਤੇ ਦਰਸ਼ਨਿਕ ਸਨ, ਜਿਨ੍ਹਾਂ ਨੇ ਮਨੁੱਖਤਾ ਦੀ ਖਾਤਿਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ। ਉਨ੍ਹਾਂ ਦੀ ਬਾਣੀ ਵਿੱਚ ਜੀਵਨ ਦੇ ਗੰਭੀਰ ਆਧਿਆਤਮਿਕ ਸੱਚਾਈਆਂ ਦਾ ਪ੍ਰਗਟਾਵਾ ਹੈ। ਗੁਰੂ ਜੀ ਨੇ ਮਨੁੱਖ ਨੂੰ ਸੱਚ, ਨਿਮਰਤਾ ਅਤੇ ਸਮਾਨਤਾ ਦੇ ਮਾਰਗ 'ਤੇ ਤੁਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀ ਬਾਣੀ ਦਾ ਕੇਂਦਰੀ ਸੁਨੇਹਾ ਇਹ ਹੈ ਕਿ ਸਾਰਾ ਸੰਸਾਰ ਇੱਕ ਹੀ ਪ੍ਰਭੂ ਦੀ ਰਚਨਾ ਹੈ ਅਤੇ ਹਰ ਜੀਵ ਵਿੱਚ ਉਹੀ ਜੋਤ ਪ੍ਰਕਾਸ਼ਮਾਨ ਹੈ। ਇਸ ਤਰ੍ਹਾਂ, ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਵਿਸ਼ਵਮਾਨਵਤਾ ਦਾ ਆਦਰਸ਼ ਪ੍ਰਸਤੁਤ ਕਰਦੀ ਹੈ। ਜਿੱਥੇ ਕਿਸੇ ਧਰਮ, ਜਾਤ ਜਾਂ ਰੰਗ-ਭੇਦ ਦੀ ਗੁੰਜਾਇਸ਼ ਨਹੀਂ। ਅੱਜ ਦੇ ਸਮੇਂ ਵਿੱਚ, ਜਦੋਂ ਮਨੁੱਖਤਾ ਵੰਡਾਂ ਦਾ ਸ਼ਿਕਾਰ ਹੈ, ਗੁਰੂ ਜੀ ਦਾ ਇਹ ਸੁਨੇਹਾ ਵਿਸ਼ਵਿਕ ਸ਼ਾਂਤੀ ਅਤੇ ਸਾਂਝੀ ਇਨਸਾਨੀਅਤ ਲਈ ਰਾਹ ਪ੍ਰਦਰਸ਼ਕ ਹੈ।ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖਤਾ ਨੂੰ ਸੰਸਾਰ ਦੀ ਨਾਸ਼ਮਾਨਤਾ ਅਤੇ ਅਨਿਸ਼ਚਤਾ ਬਾਰੇ ਦੱਸਦੀ ਹੈ। ਸੰਸਾਰ ਵਿੱਚ ਕੋਈ ਵੀ ਚੀਜ਼ ਸਥਿਰ ਨਹੀਂ ਹੈ, ਜੋ ਵੀ ਇਸ ਸੰਸਾਰ ਵਿੱਚ ਪੈਦਾ ਹੋਇਆ ਹੈ, ਉਸ ਦਾ ਅੰਤ ਹੋਣਾ ਲਾਜ਼ਮੀ ਹੈ। ਗੁਰੂ ਸਾਹਿਬ ਨੇ ਦੁਨੀਆਂ ਦੀਆਂ ਸਭ ਵਸਤਾਂ ਨੂੰ ਨਾਸ਼ਵਾਨ ਕਿਹਾ ਹੈ ਅਤੇ ਇਸ ਨਾਸ਼ਵਾਨ ਸੰਸਾਰ ਤੋਂ ਬਚਣ ਲਈ ਸਿੱਖਿਆ ਦਿੰਦੇ ਹੋਏ ਮਨੁੱਖ ਨੂੰ ਸਿੱਧੇ ਰਸਤੇ ਪਾਉਣ ਦਾ ਯਤਨ ਕੀਤਾ ਹੈ। ਮਨੁੱਖ ਨੂੰ ਉਸ ਸੱਚੇ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਆ ਹੈ। ਆਪ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਅੰਤਰ ਨਹੀਂ ਹੈ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿਸ਼ਵਮਾਨਵਤਾ ਦਾ ਜੀਵੰਤ ਪ੍ਰਤੀਕ ਹੈ। ਉਨ੍ਹਾਂ ਨੇ ਮਨੁੱਖਤਾ ਨੂੰ ਇੱਕ ਸੂਤਰ ਵਿੱਚ ਪਿਰੋਣ ਵਾਲਾ ਸਿਧਾਂਤ ਦਿੱਤਾ।

"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥"

ਗੁਰੂ ਜੀ ਦੀ ਵੀਰਤਾ ਸਿਰਫ਼ ਯੁੱਧਾਂ ਤੱਕ ਸੀਮਿਤ ਨਹੀਂ ਸੀ, ਸਗੋਂ ਉਹ ਅੰਦਰੂਨੀ ਆਤਮਿਕ ਸ਼ਕਤੀ ਦਾ ਪ੍ਰਤੀਕ ਸੀ। ਗੁਰੂ ਜੀ ਨੇ ਸਿਖਾਇਆ ਕਿ ਸੱਚ ਲਈ ਖੜ੍ਹੇ ਰਹਿਣਾ ਸਭ ਤੋਂ ਵੱਡੀ ਵੀਰਤਾ ਹੈ। ਜੇਲ੍ਹ ਦੀਆਂ ਯਾਤਨਾਵਾਂ, ਮੌਤ ਦੇ ਡਰ, ਅਤੇ ਜ਼ੁਲਮ ਦੇ ਸਾਹਮਣੇ ਵੀ ਉਹਨਾਂ ਦਾ ਚਿੱਤ ਅਡੋਲ ਰਿਹਾ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਆਪਣੇ ਜੀਵਨ ਦੀਆਂ ਮੂਲ ਸੰਵੇਦਨਾਵਾਂ ਦਇਆ, ਸਹਿਨਸ਼ੀਲਤਾ, ਸੱਚਾਈ ਅਤੇ ਆਧਿਆਤਮਿਕਤਾ ਨੂੰ ਸਵੀਕਾਰ ਕਰਨ ਦੀ ਸਿੱਖਿਆ ਦਿੰਦੀ ਹੈ। ਮਨੁੱਖ ਨੂੰ ਅਡੋਲ ਰਹਿਣ ਦੀ ਸਿੱਖਿਆ ਦਿੰਦੀ ਹੈ। ਇਹ ਅਡੋਲਤਾ ਉਹ ਆਤਮਿਕ ਬਲ ਹੈ, ਜੋ ਮਨੁੱਖ ਨੂੰ ਦੁੱਖਾਂ-ਸੁੱਖਾਂ ਤੋਂ ਉਪਰ ਉਠਾਉਂਦਾ ਹੈ। ਗੁਰੂ ਜੀ ਦੇ ਜੀਵਨ ਵਿਚਲੇ ਇਹ ਗੁਣ ਹਰ ਕਦਮ ਤੇ ਮਨੁੱਖੀ ਜੀਵਨ ਦੇ ਮਾਰਗ-ਦਰਸ਼ਕ ਬਣਦੇ ਹਨ। ਗੁਰੂ ਜੀ ਦਾ ਸੁਨੇਹਾ ਸਿਰਫ਼ ਧਾਰਮਿਕ ਸਿੱਖਿਆ ਨਹੀਂ, ਸਗੋਂ ਇੱਕ ਵਿਸ਼ਵਿਕ ਜੀਵਨ ਦਰਸ਼ਨ ਹੈ, ਜੋ ਸਮੂਹ ਮਨੁੱਖਤਾ ਵਿੱਚ ਏਕਤਾ ਤੇ ਪਿਆਰ ਦਾ ਪਾਠ ਪੜ੍ਹਾਉਂਦਾ ਹੈ। ਅੱਜ ਦੇ ਵਿਖੰਡਿਤ ਸੰਸਾਰ ਵਿੱਚ, ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਦਾ ਵਿਸ਼ਵਮਾਨਵੀ ਸੁਨੇਹਾ ਸ਼ਾਂਤੀ, ਸਹਿਜਤਾ ਅਤੇ ਮਨੁੱਖੀ ਏਕਤਾ ਲਈ ਪ੍ਰੇਰਣਾ ਦਾ ਸਰੋਤ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਾਰਮਿਕ ਸਹਿਨਸ਼ੀਲਤਾ ਅਤੇ ਵਿਸ਼ਵ-ਭਾਈਚਾਰੇ ਦਾ ਅਦੁੱਤੀ ਪ੍ਰਤੀਕ ਹੈ। ਉਹਨਾਂ ਦਾ ਬਲੀਦਾਨ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਪਹਿਲਾ ਵਿਸ਼ਵ ਉਦਾਹਰਨ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਧਰਮ ਕਿਸੇ ਇਕ ਕੌਮ ਦਾ ਨਹੀਂ, ਸਗੋਂ ਸਾਰੀ ਮਨੁੱਖਤਾ ਦਾ ਆਧਾਰ ਹੈ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤਿਆਗ, ਵੀਰਤਾ ਅਤੇ ਅਡੋਲਤਾ ਦਾ ਸੰਪੂਰਨ ਸੰਗਮ ਹੈ। ਆਧੁਨਿਕ ਸਮਾਜ, ਜੋ ਲਾਲਚ, ਅਸਹਿਨਸ਼ੀਲਤਾ ਅਤੇ ਅਸਥਿਰਤਾ ਨਾਲ ਘਿਰਿਆ ਹੋਇਆ ਹੈ, ਉਸ ਲਈ ਗੁਰੂ ਜੀ ਦੀ ਬਾਣੀ ਅਤੇ ਸ਼ਹੀਦੀ ਪ੍ਰੇਰਣਾਦਾਇਕ ਚਾਨਣ-ਮੁਨਾਰਾ ਹੈ।

### ਹਵਾਲੇ ਅਤੇ ਟਿੱਪਣੀਆਂ

1. ਡਾ.ਹਰਵੰਤ ਕੌਰ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪਰਿਪੇਖ,ਪੰਨਾ-32
2. ਸੁਰਿੰਦਰ ਸਿੰਘ ਕੋਹਲੀ (ਸੰਪਾ), ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਪੰਨਾ-59
3. ਪ੍ਰੋ.ਅੱਛਰੂ ਸਿੰਘ, ਸਿੱਖ ਧਰਮ ਅਤੇ ਜੀਵਨ ਦਰਸ਼ਨ, ਪੰਨਾ-92-93
4. ਸੁਰਿੰਦਰ ਸਿੰਘ ਕੋਹਲੀ (ਸੰਪਾ), ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਪੰਨਾ-250
5. ਤਰਲੋਚਨ ਸਿੰਘ, ਹਿੰਦ ਦੇ ਪੀਰ- ਗੁਰੂ ਤੇਗ ਬਹਾਦਰ ਜੀ, ਪੰਨਾ-72
6. ਉਹੀ, ਪੰਨਾ-71


© Copyright @ Authors